
## ਪਾਠ-11
## ਪੰਜਾਬੀ ਲੋਕ-ਨਾਚ : ਗਿੱਧਾ (ਸੁਖਦੇਵ ਮਾਦਪੁਰੀ)

**1. ਪ੍ਰਸ਼ਨ/ਉੱਤਰ**



**ਪ੍ਰਸ਼ਨ ੳ. ਲੋਕ-ਨਾਚ ਕਿਸ ਨੂੰ ਆਖਦੇ ਹਨ?**

ਉੱਤਰ : ਲੋਕ ਨਾਚ ਮਨ ਦੀ ਖ਼ੁਸ਼ੀ ਦਾ ਸਰੀਰਕ ਪ੍ਰਗਟਾਵਾ ਹੈ। ਖ਼ੁਸ਼ੀ ਦੇ ਮੌਕੇ 'ਤੇ ਮਨੁੱਖ ਇਕੱਠੇ ਹੋ ਕੇ ਸਮੂਹਿਕ ਰੂਪ ਵਿੱਚ ਨੱਚਣ ਲੱਗਦੇ ਹਨ। ਇਸੇ ਨੂੰ ਲੋਕ-ਨਾਚ ਕਿਹਾ ਜਾਂਦਾ ਹੈ ।

**ਪ੍ਰਸ਼ਨ ਅ. ਪੰਜਾਬ ਦੇ ਲੋਕ-ਨਾਚ ਕਿਹੜੇ-ਕਿਹੜੇ ਹਨ?**

ਉੱਤਰ : ਗਿੱਧਾ, ਭੰਗੜਾ, ਝੁਮਰ, ਲੁੱਡੀ, ਧਮਾਲ, ਸੰਮੀ, ਕਿੱਕਲੀ, ਪੰਜਾਬ ਦੇ ਲੋਕ-ਨਾਚ ਹਨ ।

**ਪ੍ਰਸ਼ਨ ੲ. ਗਿੱਧਾ ਕਦੋਂ ਪਾਇਆ ਜਾਂਦਾ ਹੈ?**

ਉੱਤਰ : ਗਿੱਧਾ ਖ਼ਾਸ ਤੌਰ 'ਤੇ ਵਿਆਹ-ਸ਼ਾਦੀ, ਤੀਆਂ ਮੌਕੇ ਜਾਂ ਕਿਸੇ ਵੀ ਖ਼ੁਸ਼ੀ ਦੇ ਮੌਕੇ ਉੱਤੇ ਪਾਇਆ ਜਾ ਸਕਦਾ ਹੈ।

**ਪ੍ਰਸ਼ਨ ਸ. ਮੁਟਿਆਰਾਂ ਗਿੱਧਾ ਕਿਵੇਂ ਪਾਉਂਦੀਆਂ ਹਨ?**

ਉੱਤਰ : ਗਿੱਧਾ ਪਾਉਣ ਵੇਲੇ ਮੁਟਿਆਰਾਂ ਇੱਕ ਗੋਲ਼-ਦਾਇਰਾ ਬਣਾ ਕੇ ਖੜ੍ਹਦੀਆਂ ਹਨ। ਢੋਲਕੀ ਦੇ ਵੱਜਣ ਨਾਲ਼ ਇੱਕ ਕੁੜੀ ਬਾਂਹ ਉਲਾਰ ਕੇ ਬੋਲੀ ਪਾਉਂਦੀ ਹੈ। ਬੋਲੀ ਦੇ ਅੰਤਿਮ ਟੱਪੇ 'ਤੇ ਪਿੜ ਵਿੱਚ ਖੜ੍ਹੀਆਂ ਕੁੜੀਆਂ ਉਸ ਟੱਪੇ ਦੇ ਬੋਲਾਂ ਨੂੰ ਚੁੱਕ ਲੈਂਦੀਆਂ ਹਨ ਅਤੇ ਨਾਲ਼-ਨਾਲ਼ ਤਾੜੀਆਂ ਮਾਰ ਕੇ ਤਾਲ਼ ਦਿੰਦੀਆਂ ਹਨ। ਇਸ ਸਮੇਂ ਦਾਇਰੇ ਵਿੱਚੋਂ ਨਿਕਲ ਕੇ ਦੋ ਕੁੜੀਆਂ ਨੱਚਣ ਲੱਗ ਪੈਂਦੀਆਂ ਹਨ।ਇਸ ਤਰ੍ਹਾਂ ਗਿੱਧਾ ਲਗਾਤਾਰ ਮਘਦਾ ਰਹਿੰਦਾ ਹੈ ।



**ਪ੍ਰਸ਼ਨ ਹ. ਮੁਟਿਆਰਾਂ ਦੇ ਗਿੱਧੇ ਅਤੇ ਮਰਦਾਂ ਦੇ ਗਿੱਧੇ ਵਿੱਚ ਕੀ ਅੰਤਰ ਹੈ?**

ਉੱਤਰ : ਮਰਦਾਂ ਦਾ ਗਿੱਧਾ ਪਾਉਣ ਦਾ ਢੰਗ ਭਾਵੇਂ ਮੁਟਿਆਰਾਂ ਵਾਲ਼ਾ ਹੀ ਹੈ, ਪਰੰਤੂ ਮਰਦਾਂ ਦੇ ਗਿੱਧੇ ਵਿੱਚ ਮੁਟਿਆਰਾਂ ਵਾਲ਼ਾ ਰੰਗ ਅਤੇ ਲਚਕ ਨਹੀਂ ਹੁੰਦੀ। ਇਸ ਵਿੱਚ ਬਹੁਤਾ ਜ਼ੋਰ ਬੋਲੀਆਂ ਉੱਤੇ ਹੁੰਦਾ ਹੈ।

**2. ਔਖੇ ਸ਼ਬਦ ਦੇ ਅਰਥ :**

| | | |
|---|---|---|
| ਅਵਸਰ | : | ਮੌਕਾ, ਸਮਾਂ |
| ਗੋਲ਼ ਦਾਇਰਾ | : | ਗੋਲ਼ ਚੱਕਰ, ਘੇਰਾ |
| ਅਨੂਠਾ | : | ਅਨੋਖਾ, ਅਸਚਰਜ |
| ਅੰਤਰਾ | : | ਕਿਸੇ ਗੀਤ ਵਿੱਚ ਟੇਕ ਜਾਂ ਸਥਾਈ ਤੋਂ ਛੁੱਟ ਬਾਕੀ ਤੁਕਾਂ |
| ਜੇਡ | : | ਜਿੱਡਾ, ਜਿੰਨਾ ਵੱਡਾ |
| ਬਰੋਟੇ | : | ਬੋਹੜ ਦਾ ਦਰਖ਼ਤ |
| ਢਾਬ | : | ਕੱਚਾ ਤਲਾਅ, ਟੋਭਾ, ਪਾਣੀ ਦਾ ਭਰਿਆ ਡੂੰਘਾ ਟੋਆ |
| ਬਰੰਗ | : | ਬਿਨਾਂ ਟਿਕਟ ਜਾਂ ਘੱਟ ਟਿਕਟਾਂ ਲੱਗੀ ਚਿੱਠੀ |
| ਬਲਾ | : | ਬਹੁਤ, ਗਜ਼ਬ ਦਾ |
| ਪ੍ਰਤਿਭਾ | : | ਕੁਦਰਤੀ ਯੋਗਤਾ, ਸੂਖਮ ਬੁੱਧੀ |
| ਸੁਰਜੀਤ | : | ਜਿਊਂਦਾ, ਜ਼ਿੰਦਾ, ਹਰਿਆ-ਭਰਿਆ, ਤਾਜ਼ਾ-ਦਮ |

**3. ਵਾਕਾਂ ਵਿੱਚ ਵਰਤੋ :**

1. **ਪ੍ਰਗਟਾਵਾ (ਵਰਣਨ)–** ਬੋਲੀਆਂ ਵਿੱਚ ਪਰਿਵਾਰਿਕ ਰਿਸ਼ਤਿਆਂ ਦਾ ਪ੍ਰਗਟਾਵਾ ਆਉਂਦਾ ਹੈ।
2. **ਮਨਮੋਹਕ (ਮਨ ਨੂੰ ਮੋਹਣ ਵਾਲ਼ਾ)–** ਗਿੱਧੇ ਦੇ ਪਿੜ ਦਾ ਨਜ਼ਾਰਾ ਮਨਮੋਹਕ ਹੁੰਦਾ ਹੈ।
3. **ਹਾਵ-ਭਾਵ (ਜਜ਼ਬੇ)–** ਗਿੱਧੇ ਵਿੱਚ ਕੁੜੀਆਂ ਦੇ ਹਾਵ-ਭਾਵ ਦੇਖਣਯੋਗ ਹੁੰਦੇ ਹਨ।
4. **ਹਰਕਤ (ਹਿਲਜੁਲ)–** ਗਿੱਧੇ ਵਿੱਚ ਬੋਲੀ ਦੇ ਅੰਤ 'ਤੇ ਸਾਰੀਆਂ ਕੁੜੀਆਂ ਹਰਕਤ ਵਿੱਚ ਆ ਜਾਂਦੀਆਂ ਹਨ।
5. **ਸਾਂਗ (ਨਕਲ)–** ਜਾਗੋ ਮੌਕੇ ਕਈ ਤਰ੍ਹਾਂ ਦੇ ਸਾਂਗ ਗਿੱਧੇ ਦਾ ਸ਼ਿੰਗਾਰ ਬਣਦੇ ਹਨ।
6. **ਵੰਨਗੀ (ਕਿਸਮ)–** ਪੰਜਾਬ ਵਿੱਚ ਲੋਕ-ਨਾਚ ਦੀਆਂ ਬਹੁਤ ਵੰਨਗੀਆਂ ਹਨ।
7. **ਰੰਗ ਬੰਨ੍ਹਣਾ (ਰੌਣਕ ਲਾਉਣੀ)–** ਵਿਆਹ ਵਿੱਚ ਗਿੱਧੇ ਵਾਲ਼ੀਆਂ ਕੁੜੀਆ ਨੇ ਰੰਗ ਬੰਨ੍ਹ ਦਿੱਤਾ।